# 7. ਪੰਜਾਬੀ ਬੁਝਾਰਤਾਂ

ਲੋਕ ਗੀਤ, ਲੋਕ ਕਹਾਣੀਆਂ ਆਦਿ ਵਾਂਗ ਪੰਜਾਬੀ ਬੁਝਾਰਤਾਂ ਵੀ ਲੋਕ ਜੀਵਨ ਦੇ ਇਕ ਅਨਿੱਖੜ ਅੰਗ ਵਜੋਂ ਪੰਜਾਬੀ ਵਿਰਾਸਤ ਦਾ ਹਿੱਸਾ ਹਨ। ਬੁਝਾਰਤਾਂ ਨੂੰ ਬੁਝਣ ਵਾਲੀਆਂ 'ਬਾਤਾਂ' ਵੀ ਕਿਹਾ ਜਾਂਦਾ ਹੈ। ਜਿੱਥੇ ਲੋਕ-ਕਹਾਣੀਆਂ ਦੇ ਰੂਪ ਵਿੱਚ ਬਾਤ ਮਨੋਰੰਜਨ ਦਾ ਸਾਧਨ ਹੈ, ਉੱਥੇ ਬੁਝਾਰਤ ਦੇ ਰੂਪ ਵਿੱਚ ਬਾਤ ਇੱਕ ਪ੍ਰਕਾਰ ਦੀ ਦਿਮਾਗੀ ਕਸਰਤ ਸੀ। ਬੁਝਾਰਤ ਬੁੱਝਣਾ ਇੱਕ ਤਰ੍ਹਾਂ ਨਾਲ ਬੁੱਧੀ ਦੀ ਪ੍ਰੀਖਿਆ ਕਰਨਾ ਹੀ ਹੁੰਦਾ ਹੈ।

ਬੁਝਾਰਤਾਂ ਦਾ ਇਤਿਹਾਸ ਬਹੁਤ ਪ੍ਰਾਚੀਨ ਹੈ। ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਵਿੱਚ ਬੁਝਾਰਤਾਂ ਮੌਜੂਦ ਹਨ। ਇੰਜ ਬੁਝਾਰਤਾਂ ਦੀ ਪਰੰਪਰਾ ਵੀ ਮਨੁੱਖ ਜਿੰਨੀ ਹੀ ਪੁਰਾਣੀ ਹੈ। ਇਹ ਇੱਕ ਵੱਖਰੀ ਗੱਲ ਹੈ ਕਿ ਆਧੁਨਿਕ ਸਮੇਂ ਗਿਆਨ-ਵਿਗਿਆਨ ਦੀਆਂ ਨਵੀਆਂ ਖੋਜਾਂ ਨੇ ਮਨੋਰੰਜਨ ਦੇ ਹੋਰ ਬੜੇ ਸਾਧਨ ਅਤੇ ਮੌਕੇ ਪੈਦਾ ਕਰ ਦਿੱਤੇ ਹਨ। ਇਹਨਾਂ ਸਾਧਨਾਂ ਦੀ ਕਾਢ ਦਾ ਸੰਬੰਧ ਜਿੱਥੇ ਮਨੁੱਖ ਦੇ ਵਿਕਾਸ ਨਾਲ ਹੈ, ਉੱਥੇ ਇਹ ਕਮਾਈ ਦੇ ਤਰੀਕੇ ਵੀ ਹਨ। ਬੁਝਾਰਤਾਂ ਦੀ ਖੇਡ ਵਿੱਚ ਕਿਸੇ ਤਰ੍ਹਾਂ ਦੀ ਖੇਡ-ਸਮੱਗਰੀ ਦੀ ਲੋੜ ਨਹੀਂ ਪੈਂਦੀ। ਬੱਸ, ਕੁਝ ਕੁ ਵਿਅਕਤੀ ਮਿਲ ਬੈਠ ਕੇ ਬੁਝਾਰਤਾਂ ਪਾਉਂਦੇ ਅਤੇ ਬੁੱਝਦੇ ਹੋਏ ਦਿਮਾਗੀ ਕਸਰਤ ਅਤੇ ਮਨੋਰੰਜਨ ਕਰ ਲੈਂਦੇ ਹਨ।

ਪੰਜਾਬੀ ਲੋਕਾਂ ਵਿੱਚ ਬੁਝਾਰਤਾਂ ਪਾਉਣ ਦਾ ਰਿਵਾਜ਼ ਬਹੁਤ ਪੁਰਾਣਾ ਹੈ। ਪੰਜਾਬੀ ਵਿਅਕਤੀ ਦਾ ਮਨ ਬੁਝਾਰਤਾਂ ਪਾ ਕੇ ਅਤੇ ਬੁੱਝ ਕੇ ਆਨੰਦ ਮਾਣਦਾ ਰਿਹਾ ਹੈ। ਆਮ ਤੌਰ ਤੇ ਸ਼ਾਮ ਨੂੰ ਰੋਟੀ-ਟੁੱਕ ਖਾਣ ਤੋਂ ਬਾਅਦ ਪੰਜਾਬੀ ਪਰਿਵਾਰ ਬਾਤਾਂ ਪਾਉਣ ਲਈ ਜੁੜ ਬੈਠਦਾ ਸੀ। ਬਾਤਾਂ ਦੀ ਇਸ ਮਹਿਫ਼ਲ ਵਿੱਚ ਬਜ਼ੁਰਗ, ਬੱਚੇ, ਜਵਾਨ ਕੁੜੀਆਂ, ਮੁੰਡੇ, ਔਰਤਾਂ ਸਾਰੇ ਹੀ ਭਾਗ ਲੈਂਦੇ ਸਨ।

ਆਮ ਤੌਰ 'ਤੇ ਗਰਮੀਆਂ ਦੀ ਰੁੱਤੇ ਰਾਤ ਨੂੰ ਕੋਠਿਆਂ ਦੀਆਂ ਛੱਤਾਂ ਉੱਤੇ ਜਾਂ ਘਰਾਂ ਦੇ ਵਿਹੜਿਆਂ ਵਿੱਚ ਮੰਜਿਆਂ ਤੇ ਬੈਠ ਕੇ ਬਾਤਾਂ ਪਾਈਆਂ ਜਾਦੀਆਂ ਸਨ। ਸਿਆਲ ਦੀਆਂ ਠਰੀਆਂ ਰਾਤਾਂ ਵਿੱਚ ਰਜਾਈਆਂ ਦਾ ਆਸਰਾ ਲੈ ਕੇ ਬਾਤਾਂ ਤੋਂ ਨਿੱਘ ਪ੍ਰਾਪਤ ਕੀਤਾ ਜਾਂਦਾ ਸੀ। ਇੱਕ ਜਣਾ ਬੁਝਾਰਤਾਂ (ਬਾਤ) ਪਾਉਂਦਾ ਸੀ ਅਤੇ ਬਾਕੀ ਸਾਰੇ ਉਸ ਨੂੰ ਬੁਝੱਦੇ ਸਨ। ਬੱਚੇ ਇਸ ਵਿਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਸਨ। ਇੰਜ ਇੱਕ ਮੁਕਾਬਲਾ ਹੁੰਦਾ ਸੀ, ਜਿਹੜਾ ਲੋਕਾਂ ਦੇ ਗਿਆਨ ਵਿੱਚ ਵੀ ਵਾਧਾ ਕਰਦਾ ਸੀ। ਇਸ ਗਿਆਨ ਦਾ ਸੰਬੰਧ ਪ੍ਰਕਿਰਤਕ ਆਲੇ-ਦੁਆਲੇ, ਬਨਸਪਤੀ, ਜੀਵ-ਜੰਤੂਆਂ, ਘਰੇਲੂ ਅਤੇ ਕੰਮ ਕਾਜ ਨਾਲ ਸੰਬੰਧਿਤ ਵਸਤਾਂ, ਰਿਸ਼ਤਿਆਂ ਦੀ ਜਾਣਕਾਰੀ ਆਦਿ ਨਾਲ ਹੁੰਦਾ ਸੀ।

ਅੱਜ-ਕੱਲ੍ਹ ਇਹ ਰਿਵਾਜ਼ ਕਾਫੀ ਘਟ ਗਿਆ ਹੈ। ਇਹੀ ਕਾਰਨ ਹੈ ਕਿ ਬੱਚਿਆਂ ਦਾ ਵਿਸ਼ੇਸ਼ ਗਿਆਨ ਤਾਂ ਭਾਵੇਂ ਵਧਿਆ ਹੈ ਪਰ ਆਮ-ਗਿਆਨ ਅਤੇ ਜਾਣਕਾਰੀ ਲਗਭਗ ਨਾਂਹ ਦੇ ਬਰਾਬਰ ਪਹੁੰਚ ਗਈ ਹੈ। ਪੰਜਾਬੀ ਦੀ ਗਿਆਨ ਪਰੰਪਰਾ ਦੇ ਇਸ ਅਨਮੋਲ ਖ਼ਜਾਨੇ ਨਾਲ ਵਿਦਿਆਰਥੀਆਂ ਨੂੰ ਜੋੜਨਾ ਅਤਿ ਜ਼ਰੂਰੀ ਪ੍ਰਤੀਤ ਹੁੰਦਾ ਹੈ। ਇਸੇ ਕਰਕੇ ਪੰਜਾਬੀ ਬੁਝਾਰਤਾਂ ਦੇ ਭਰਪੂਰ ਖ਼ਜ਼ਾਨੇ ਵਿੱਚੋਂ ਕੁਝ ਕੁ ਬੁਝਾਰਤਾਂ ਇੱਥੇ ਦਿੱਤੀਆਂ ਗਈਆਂ ਹਨ :-

ਔਹ ਗਈ
ਔਹ ਗਈ (**ਅੱਖ ਦੀ ਨਿਗ੍ਹਾ**)

ਆਲਾ ਕੌਡੀਆਂ ਵਾਲਾ
ਵਿੱਚ ਮੇਰੀ ਘੁਤਰੋ ਬੋਲੇ (**ਜੀਭ**)

ਐਨੀ 'ਕ ਹੱਟੀ
ਵਿੱਚ ਬੈਠੀ ਗੁਲਾਬੋ ਜੱਟੀ (**ਜੀਭ**)

ਵੀਹ ਸੀਸ ਫੜ ਧੜੋਂ ਉਤਾਰੇ
ਕੀਤਾ ਖ਼ੂਨ ਨਾ ਜਾਨੋਂ ਮਾਰੇ (**ਨਹੁੰ**)

ਬਾਤ ਪਾਵਾਂ ਬਤੌਲੀ ਪਾਵਾਂ
ਬਾਤ ਨੂੰ ਲਾਵਾਂ ਕੁੰਡੇ
ਸਦਾ ਕੁੜੀ ਨੂੰ ਵਿਆਹੁਣ ਚੱਲੇ
ਸਾਰੇ ਪਿੰਡ ਦੇ ਮੁੰਡੇ (**ਖੁੱਦੋ ਖੂੰਡੀ**)

ਪੈਰ ਬਿਨਾਂ ਚੌਂਕੇ ਚੜ੍ਹੇ
ਮੂੰਹ ਬਿਨ ਆਟਾ ਖਾਏ
ਮਾਰਨ ਤੇ ਉਹ ਜੀ ਉੱਠੇ
ਬਿਨ ਮਾਰੇ ਮਰ ਜਾਏ (**ਤਬਲਾ**)

ਸਾਉਣ ਭਾਦੋਂ ਇੱਕ ਰੁੱਤ
ਦੋ ਬੁੱਢੀਆਂ ਦੀ ਇੱਕ ਗੁੱਤ (**ਪੀਂਘ**)

ਕਾਠ ਦੀ ਸੰਦੂਕੜੀ
ਵਿੱਚ ਤੋਤਾ ਬੋਲੇ (**ਰੇਡੀਓ**)

ਨਿੱਕੀ ਜਿਹੀ ਕੁੜੀ
ਲੈ ਪਰਾਂਦਾ ਤੁਰੀ (**ਸੂਈ ਧਾਗਾ**)

ਫਿੱਟੇ ਮੂੰਹ ਉਸ ਵੱਡੀ ਦਾ
ਜਿਸ ਵੱਖੋ ਵੱਖ ਕਰਾਇਆ
ਸ਼ਾਬਸ਼ੇ ਉਸ ਛੋਟੀ ਦਾ
ਜਿਸ ਵਿਛੜਿਆਂ ਤਾਂਈ ਮਿਲਾਇਆ (**ਸੂਈ ਤੇ ਕੈਂਚੀ**)

ਆਰ ਡਾਂਗਾਂ ਪਾਰ ਡਾਂਗਾਂ
ਵਿੱਚ ਟੱਲਮ ਟੱਲੀਆਂ
ਆਉਣ ਕੂੰਜਾਂ ਦੇਣ ਬੱਚੇ
ਨਦੀ ਨ੍ਹਾਵਣ ਚੱਲੀਆਂ
ਢੋਲ ਝਵਕਲੀ ਸਿੱਧਾ ਤੀਰ
ਕਿਆਰੋ ਕਿਆਰੀ ਪਾਣੀ ਫਿਰਦਾ
ਜਿਵੇਂ ਦਰ ਦਰ ਫਿਰਦਾ ਫ਼ਕੀਰ
ਢੋਲ ਝਵਕਲੀ ਇੰਝ ਮਿਲਦੇ
ਜਿਵੇਂ ਭੈਣਾਂ ਨੂੰ ਮਿਲਦੇ ਵੀਰ (**ਹਲਟ**)

ਜਾਂ ਤੇ ਬੁੱਝੂ ਲਾਲ ਬੁੱਝਕੜ
ਜਾਂ ਕੋਈ ਖਰਾ ਸਿਆਣਾ
ਰਾਤੀਂ ਉਥੇ ਦੀ ਰੱਬ ਲੰਘਿਆ
ਉਹਦਾ ਡਿੱਗ ਪਿਆ ਸੁਰਮੇਦਾਣਾ (**ਕੋਹਲੂ**)

ਰੜੇ ਮੈਦਾਨ ਵਿੱਚ ਪਿਆ ਡੱਬਾ
ਚੱਕ ਨਹੀਂ ਹੁੰਦਾ ਚੁਕਾਈਂ ਰੱਬਾ (**ਖੂਹ**)

ਸੁੱਕਾ ਢੀਂਗਰ
ਆਂਡੇ ਦੇਵੇ (**ਚਰਖਾ**)

ਜੀਹਦੇ ਵੱਜੇ ਉਸ ਨੂੰ ਮਾਰੇ
ਹੈ ਪੂਰਾ ਹਤਿਆਰਾ
ਨਾ ਉਸ ਨੂੰ ਫਾਂਸੀ ਲੱਗੇ
ਨਾ ਜੇਲ੍ਹ ਹੋਵੇ
ਲਗਦਾ ਸਭ ਨੂੰ ਪਿਆਰਾ (**ਚਾਕੂ**)

ਟੰਗਿਆ ਜਾਂਦਾ ਸਭ ਦੇ ਘਰ ਵਿੱਚ
ਚੀਜ਼ਾਂ ਰੱਖਣ ਉਸ ਦੇ ਸਰ ਵਿੱਚ (**ਛਿੱਕੂ**)

ਨਿੱਕੀ ਜਿਹੀ ਪਿੱਦਣੀ
ਪਿੱਦ ਪਿੱਦ ਕਰਦੀ
ਸਾਰੇ ਜਹਾਨ ਦੀ
ਲਿੱਦ ਕੱਠੀ ਕਰਦੀ (**ਝਾੜੂ**)

ਪਾਰੋਂ ਆਇਆ ਬਾਬਾ ਲੋਧੀ
ਛੇ ਟੰਗਾਂ ਇੱਕ ਬੋਦੀ (**ਤੱਕੜੀ**)

ਇੱਕ ਹਰਨੀ
ਪੱਠੇ ਚਰਨੀ
ਗੋਹਾ ਨਾ ਕਰਨੀ (**ਦਾਤੀ**)

ਢਿੱਡ ਵਿੱਚੋਂ ਕੱਢੀ, ਵੱਖੀ ਵਿੱਚ ਮਾਰੀ
ਲਾ ਕੇ ਅੱਗ ਸਾੜ ਦਿੱਤੀ ਸਾਰੀ (**ਦੀਵਾ ਸਲਾਈ**)

ਤੂੰ ਚੱਲ ਮੈਂ ਆਇਆ (**ਦਰਵਾਜਾ**)

ਆਰ ਕੱਸੀ ਪਾਰ ਕੱਸੀ
ਵਿੱਚ ਟੱਲਮ ਟੱਲੀਆਂ
ਤੋਪਖਾਨੇ ਅੱਗ ਲੱਗੀ
ਠਾਹ ਠਾਹ ਬੰਦੂਕਾਂ ਚੱਲੀਆਂ (**ਭੱਠੀ**)

ਚਾਰ ਟੰਗਾਂ ਦਾ ਮਾਲਕ
ਟੁਰ ਨਾ ਸਕਦਾ
ਜੇ ਕੋਈ ਆਵੇ ਕੋਲ
ਫੜ ਲਮਾ ਲੇਟ ਕਰਦਾ (**ਮੰਜਾ**)
ਡੱਬ ਖੜੱਬੀ ਬੱਕਰੀ
ਡੱਬੀ ਉਹਦੀ ਛਾਂ
ਚੱਲ ਮੇਰੀ ਬੱਕਰੀ
ਕੱਲ ਵਾਲੀ ਥਾਂ (**ਮੰਜਾ**)

ਸ਼ੀਸ਼ੇ ਦਾ ਮੈਂ ਮਹਿਲ ਬਣਾਇਆ
ਵਿੱਚ ਬਠਾਈ ਰਾਣੀ
ਉਪਰੋਂ ਦੀ ਮੈਂ ਜਿੰਦਰਾ ਲਾਇਆ
ਹੇਠੋਂ ਦੀ ਪਾਇਆ ਪਾਣੀ (**ਲਾਲਟੈਣ**)

ਪੁੱਤ ਉਹਦਾ ਚਿੱਟਾ
ਮਾਂ ਉਹਦੀ ਲਾਲ
ਮਾਂ ਰੋਵੇ ਭੁੰਜੇ ਬੈਠੀ
ਪੁੱਤ ਖੇਡੇ ਹਵਾ ਨਾਲ (**ਅੱਗ ਤੇ ਧੂੰਆਂ**)

ਜਿੱਥੇ ਜਾਵਾਂ ਉੱਥੇ ਹੀ ਭੱਜੇ
ਮੈ ਪਿੱਛੇ ਪਿੱਛੇ ਉਹ ਅੱਗੇ ਅੱਗੇ (**ਚਾਨਣ ਤੇ ਹਨੇਰਾ**)

ਮਾਂ ਸਾਰੇ ਜਗਤ ਦੀ
ਇਸ ਤੋਂ ਬਾਝ ਨਾ ਕੋਈ
ਪਰ ਅਜੇ ਵੀ ਨਵੀਂ ਨਰੋਈ (**ਧਰਤੀ**)

ਜਲ ਵਿੱਚ ਹੋਇਆ
ਜਲ ਵਿਚ ਮੋਇਆ
ਜਲ ਵਿਚ ਉਹਦੇ ਸਾਸ
ਨਾ ਹੱਡੀ ਨਾ ਮਾਸ (**ਪਾਣੀ ਦਾ ਬੁਲਬਲਾ**)

ਰਾਜੇ ਰਾਣੀ ਦਾ ਹੋਇਆ ਵਿਆਹ
ਰਾਜਾ ਚਿੱਟਾ ਰਾਣੀ ਕਾਲੀ ਸਿਆਹ (**ਦਿਨ ਰਾਤ**)

ਅੰਬ ਅੰਬਾਲੇ ਦੇ
ਫੁੱਲ ਪਟਿਆਲੇ ਦੇ
ਰੂੰ ਜਗਰਾਂਵਾ ਦੀ
ਜੜ ਇੱਕੋ (**ਅੱਕ**)

ਮੂੰਹ ਬੰਦ
ਢਿੱਡ ਵਿੱਚ ਦੰਦ (**ਅਨਾਰ**)

ਆਰ ਬਗਲਾ ਪਾਰ ਬਗਲਾ
ਵਿੱਚ ਬਗਲਾ ਨ੍ਹਾਵੇ
ਹੱਡੀਆਂ ਦਾ ਬਾਲਨ ਬਣਾਵੇ
ਚਮੜੀ ਹੱਥ ਫੜਾਵੇ (**ਸਣ**)

ਤਿੰਨ ਅੱਖਰਾ ਮੇਰਾ ਨਾਮ
ਉਲਟਾ ਸਿੱਧਾ ਇੱਕ ਸਮਾਨ (**ਕਣਕ**)

ਨਿੱਕਾ ਜਿਹਾ ਸਿਪਾਹੀ
ਉਹਦੀ ਖਿੱਚ ਕੇ ਵਰਦੀ ਲਾਹੀ (**ਕੇਲਾ**)

ਕਾਲਾ ਸੀ ਕੱਲਤਰ ਸੀ
ਕਾਲੇ ਪਿਓ ਦਾ ਪੁੱਤਰ ਸੀ
ਆਡੋਂ ਪਾਣੀ ਪੀਂਦਾ ਸੀ
ਬਰੂਟੀ ਛਾਵੇਂ ਬਹਿੰਦਾ ਸੀ (**ਬਤਾਊਂ**)

ਏਧਰ ਕਾਠ ਓਧਰ ਕਾਠ
ਵਿੱਚ ਬੈਠਾ ਜਗਨ ਨਾਥ (**ਬਦਾਮ**)

ਹਰੀ ਸੀ ਮਨ ਭਰੀ ਸੀ
ਲਾਲ ਮੋਤੀਆਂ ਜੜੀ ਸੀ
ਬਾਬਾ ਜੀ ਦੇ ਖੇਤ ਵਿੱਚ
ਦੁਸ਼ਾਲਾ ਲਈ ਖੜੀ ਸੀ (**ਮੱਕੀ ਦੀ ਛੱਲੀ**)

ਚਾਰ ਥੰਮ ਚਲਦੇ ਜਾਣ
ਦੋ ਦੀਵੇ ਬਲਦੇ ਜਾਣ
ਦੋ ਪੱਖੇ ਝਲਦੇ ਜਾਣ
ਅੱਗੇ ਭੂਮੀਆ ਸੱਪ ਮਿਹਲਦਾ ਜਾਵੇ (**ਹਾਥੀ**)

ਪਤਲੀਆਂ ਪਤਲੀਆਂ ਟੰਗਾਂ
ਲੰਬੀ ਲੰਬੀ ਛਾਲ

ਡੱਬ ਖੜੱਬੀ ਚਮੜੀ
ਭੂਰੇ ਭੂਰੇ ਵਾਲ (**ਹਿਰਨ**)

ਛਿੜ ਛਿੜ ਕਰਦੀ
ਖਿੜ ਖਿੜ ਕਰਦੀ
ਮਾਰ ਟਪੂਸੀ
ਕੋਠੇ ਚੜ੍ਹਦੀ (**ਕਾਟੋ**)

ਘਰ ਦੀ ਸੱਪਣੀ
ਮਾਰਦੀ ਨਾ ਡੰਗ
ਫੰਗਾਂ ਵਾਲਿਆਂ ਨੂੰ ਖਾਂਦੀ
ਇਹਦਾ ਆਪਣਾ ਨਾ ਫੰਗ (**ਕਿਰਲੀ**)

ਬਾਤ ਪਾਵਾਂ ਬਤੋਲੀ ਪਾਵਾਂ
ਬਾਤ ਨੂੰ ਲਾਵਾਂ ਟੋਕਰੇ
ਸਾਰਾ ਟੱਬਰ ਸੌਂ ਗਿਆ
ਬਾਪ ਮਾਰੇ ਹੋਕਰੇ (**ਕੁੱਕੜ**)

ਇੱਕ ਜਨੌਰ ਅਸਲੀ
ਨਾ ਹੱਡੀ ਨਾ ਪਸਲੀ (**ਗੰਡ ਗੰਡੋਆ**)

ਇੱਕ ਕਿਲੇ ਵਿੱਚ ਬੁਰਜ ਹਜ਼ਾਰ
ਬੁਰਜ਼ ਬੁਰਜ਼ ਵਿੱਚ ਠਾਣੇਦਾਰ
ਦੇਖੋ ਸਾਹਿਬ ਨੇ ਕਿਲਾ ਬਣਾਇਆ
ਨਾ ਮਿੱਟੀ ਨਾ ਗਾਰਾ ਲਾਇਆ (**ਭੂੰਡਾਂ ਦਾ ਖੱਖਰ**)

ਬਾਤ ਪਾਵਾਂ ਬਤੌਲੀ ਪਾਵਾਂ
ਬਾਤ ਨੂੰ ਲਾਵਾਂ ਸੋਏ
ਹਾੜ ਸਾਉਣ ਦੀ ਰੁੱਤ ਜਾਂ ਆਈ
ਸ਼ੈਤਾਨ ਪੈਦਾ ਹੋਏ (**ਮੱਛਰ**)

ਨਿੱਕਾ ਜਿਹਾ ਕਾਕਾ
ਘਰ ਵਿੱਚ ਰੋਸ਼ਨੀ ਕਰਦਾ (**ਬਲਬ**)

ਨਿੱਕਾ ਜਿਹਾ ਕਾਕਾ
ਘਰ ਦਾ ਰਾਖਾ (**ਜਿੰਦਰਾ**)

ਨਿੱਕੇ ਨਿੱਕੇ ਟੋਟਰੇ
ਸੰਦੂਕ ਚੱਕੀ ਜਾਂਦੇ ਨੇ
ਰਾਜਾ ਪੁੱਛੇ ਰਾਣੀ ਨੂੰ
ਕੀ ਜਨੌਰ ਜਾਂਦੇ ਨੇ (**ਰੇਲ-ਗੱਡੀ**)

ਜੇ ਨੱਕ ਮੈਂ ਬਹਿ ਜਾਂਵਾਂ
ਨੱਕ ਪਕੜ ਕੇ ਸਬਕ ਸਿਖਾਵਾਂ (**ਐਨਕ**)

ਜਿਉਂ ਜਿਉਂ ਮੈਨੂੰ ਫੋਲੋਗੇ
ਘੁੰਡੀ ਦਿਲ ਦੀ ਖੋਲ੍ਹੋਗੇ
ਪਿਆਰ ਮੇਰੇ ਨਾਲ ਪਾਓਗੇ
ਰੂਹ ਦੀ ਭੁੱਖ ਮਿਟਾਓਗੇ (**ਕਿਤਾਬ**)

ਬਾਤ ਪਾਵਾਂ ਬਤੌਲੀ ਪਾਵਾਂ
ਬਾਤ ਨੂੰ ਲਾਵਾਂ ਡੱਕੇ

ਸਾਰੀ ਦੁਨੀਆ ਸੌਂ ਗਈ
ਬਾਬਾ ਚੜ੍ਹ ਗਿਆ ਜੱਕੇ (**ਚੌਂਕੀਦਾਰ**)

ਊਠ ਪਰ ਚੜ੍ਹੇਂਦੀ ਏ
ਨਕੇਲੇ ਦਾ ਕੀ ਨਾਂ
ਨਕੇਲੇ ਦਾ ਮੈ ਨਾਂ ਨੀ ਜਾਣਦੀ
ਮੇਰਾ ਨਾਂ ਜੀਆ
ਇਹਦੀ ਸੱਸ ਮੇਰੀ ਸੱਸ
ਦੋਵੇ ਮਾਵਾਂ ਧੀਆਂ (**ਨੂੰਹ-ਸਹੁਰਾ**)

ਤਿੰਨ ਲਫ਼ਜਾਂ ਦਾ ਦੇਸ਼ ਹਾਂ
ਜਾਨਣ ਲੋਕੀ ਲੱਖ ਕਰੋੜ
ਪਿੱਠ ਕੱਟੋ ਬਣ ਜਾਵਸਾਂ
ਪੰਜ ਉਂਗਲਾਂ ਦਾ ਜੋੜ (**ਪੰਜਾਬ**)

* * * *

## ਅਭਿਆਸ-ਪ੍ਰਸ਼ਨ

**ਪ੍ਰਸ਼ਨ 1.** **ਬੁਝਾਰਤਾਂ ਪਾਉਣ ਦਾ ਸਮਾਂ ਅਤੇ ਸਥਾਨ ਕੀ ਹੈ ?**

**ਪ੍ਰਸ਼ਨ 2.** **ਬੁਝਾਰਤਾਂ ਕਿਹੜੀ ਜਾਣਕਾਰੀ ਦਿੰਦੀਆਂ ਹਨ ?**

**ਪ੍ਰਸ਼ਨ 3.** ਇਸ ਬੁਝਾਰਤ ਦਾ ਉੱਤਰ ਦਿਉ:-

ਤਿੰਨ ਲਫ਼ਜਾਂ ਦਾ ਦੇਸ਼ ਹਾਂ
ਜਾਨਣ ਲੋਕੀ ਲੱਖ ਕਰੋੜ
ਪਿੱਠ ਕੱਟੋ ਬਣ ਜਾਵਸਾਂ
ਪੰਜ ਉਂਗਲਾਂ ਦਾ ਜੋੜ

ਪ੍ਰਸ਼ਨ 4. ਬੁਝਾਰਤਾਂ ਦਾ ਕੀ ਮੱਹਤਵ ਹੈ ?

ਪ੍ਰਸ਼ਨ 5. ਕੋਈ ਬੁਝਾਰਤ ਦੇ ਕੇ ਉੱਤਰ ਪੁੱਛਿਆ ਜਾਵੇ ?

ਨੋਟ:- ਵਿਦਿਆਰਥੀਆਂ ਨੂੰ ਹੋਰ ਬੁਝਾਰਤਾਂ ਇੱਕਤਰ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ :-